# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ

# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਾਂਗ ਕਾਂਗ ਸਾਈਬਰਪੋਰਟ ਮੈਨੇਜਮੈਂਟ ਕੰਪਨੀ ਲਿਮਟਿਡ
## (Hong Kong Cyberport Management Company Limited)

ਸਾਈਬਰਪੋਰਟ (Cyberport) ਇਕ ਆਧੁਨਿਕ ਡਿਜੀਟਲ ਕਮਿਊਨਿਟੀ ਹੈ ਜਿਸ ਵਿਚ ਤਕਰੀਬਨ 1,600 ਸ਼ੁਰੂਆਤੀ ਅਤੇ ਤਕਨੀਕੀ ਕੰਪਨੀਆਂ ਹਨ। ਇਸਦਾ ਪ੍ਰਬੰਧਨ ਹਾਂਗ ਕਾਂਗ ਸਾਈਬਰਪੋਰਟ ਮੈਨੇਜਮੈਂਟ ਕੰਪਨੀ ਲਿਮਟਿਡ ਦੁਆਰਾ ਕੀਤਾ ਜਾਂਦਾ ਹੈ, ਜਿਸਦੀ ਪੂਰੀ ਮਾਲਕੀਅਤ ਹਾਂਗ ਕਾਂਗ ਵਿਸ਼ੇਸ਼ ਪ੍ਰਬੰਧਕੀ ਖੇਤਰ (SAR) ਸਰਕਾਰ ਦੇ ਅਧੀਨ ਹੈ। ਡਿਜੀਟਲ ਤਕਨੀਕ ਦਾ ਕੇਂਦਰ ਬਣਨ ਦੇ ਇੱਕ ਦ੍ਰਿਸ਼ਟੀਕੋਣ ਦੇ ਨਾਲ ਹੀ ਹਾਂਗ ਕਾਂਗ ਲਈ ਇੱਕ ਨਵਾਂ ਆਰਥਿਕ ਉਤਪ੍ਰੇਰਕ ਪੈਦਾ ਕਰਨ ਦੇ ਨਾਲ, ਸਾਈਬਰਪੋਰਟ (Cyberport) ਪ੍ਰਤਿਭਾ ਪੈਦਾ ਕਰਕੇ, ਨੌਜਵਾਨਾਂ ਵਿੱਚ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਕੇ, ਸ਼ੁਰੂਆਤੀ ਕੰਪਨੀਆਂ ਦੇ ਵਿਕਾਸ ਦੀ ਯਾਤਰਾ ਵਿੱਚ ਸਹਾਇਤਾ ਅਤੇ ਉਦਯੋਗ ਦੇ ਵਿਕਾਸ ਨੂੰ ਉਤਸ਼ਾਹਿਤ ਕਰਕੇ ਇੱਕ ਸਜੀਵ ਤਕਨੀਕੀ ਵਾਤਾਵਰਣ ਪ੍ਰਣਾਲੀ ਦਾ ਪਾਲਣ-ਪੋਸ਼ਣ ਕਰਨ ਲਈ ਵਚਨਬੱਧ ਹੈ, ਅਤੇ ਅਜਿਹਾ ਸਥਾਨਕ ਅਤੇ ਅੰਤਰਰਾਸ਼ਟਰੀ ਭਾਈਵਾਲਾਂ ਨਾਲ ਰਣਨੀਤਕ ਸਹਿਯੋਗ ਨੂੰ ਉਤਸ਼ਾਹਿਤ ਕਰਕੇ, ਅਤੇ ਜਨਤਕ ਅਤੇ ਨਿੱਜੀ ਸੈਕਟਰਾਂ ਵਿਚ ਡਿਜੀਟਲ ਤਬਦੀਲੀ ਨੂੰ ਤੇਜ਼ ਕਰਦਿਆਂ ਨਵੀਆਂ ਅਤੇ ਰਵਾਇਤੀ ਆਰਥਿਕਤਾਵਾਂ ਦੇ ਏਕੀਕਰਨ ਦੁਆਰਾ ਕੀਤਾ ਜਾਂਦਾ ਹੈ।

| | |
|---|---|
| ਸੰਬੰਧਿਤ ਸੇਵਾਵਾਂ | • ਡਿਜੀਟਲ ਤਕਨੀਕ ਦੀਆਂ ਪ੍ਰਤਿਭਾਵਾਂ ਦਾ ਪਾਲਣ-ਪੋਸ਼ਣ ਕਰਨ ਲਈ ਪ੍ਰੋਗਰਾਮ, ਸਿਖਲਾਈ ਅਤੇ ਸ਼ੁਰੂਆਤੀ ਪ੍ਰੋਗਰਾਮਾਂ ਦਾ ਆਯੋਜਨ ਕਰਨਾ।<br>• ਸ਼ੁਰੂਆਤੀ ਕੰਪਨੀਆਂ ਅਤੇ ਉੱਦਮੀਆਂ ਨੂੰ ਸਹਿ-ਕਾਰਜਸ਼ੀਲ ਜਗ੍ਹਾ ਅਤੇ ਬਜ਼ਾਰ ਤੱਕ ਪਹੁੰਚ ਵਿੱਚ ਸਹਾਇਤਾ ਸਮੇਤ ਮਾਲੀ ਮਦਦ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਨਾ।<br>• ਉਦਯੋਗਾਂ ਅਤੇ ਉਦਯੋਗ ਜਗਤ ਦੇ ਵਿਕਾਸ ਲਈ ਡਿਜੀਟਲ ਤਬਦੀਲੀ ਨੂੰ ਉਤਸ਼ਾਹਿਤ ਕਰਨ ਲਈ ਸਮਾਗਮ ਅਤੇ ਗਤੀਵਿਧੀਆਂ ਦਾ ਆਯੋਜਨ ਕਰਨਾ। |
| ਮੌਜੂਦਾ ਉਪਾਅ | • ਸਾਈਬਰਪੋਰਟ (Cyberport) ਦੀ ਕਾਰਪੋਰੇਟ ਜਾਣਕਾਰੀ ਅਤੇ ਪ੍ਰੋਗਰਾਮ ਆਮ ਲੋਕਾਂ ਲਈ ਦੋਭਾਸ਼ੀ ਰੂਪ (ਅੰਗਰੇਜ਼ੀ ਅਤੇ ਚੀਨੀ) ਵਿਚ ਇਸਦੀ ਅਧਿਕਾਰਤ ਵੈਬਸਾਈਟ ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ।<br>• ਸਾਈਬਰਪੋਰਟ (Cyberport) ਦੀ ਪੜਤਾਲ ਅਤੇ ਸ਼ਿਕਾਇਤਾਂ ਦੇ ਪ੍ਰਬੰਧਨ |

| | |
|---|---|
| | ਦੀਆਂ ਸੇਵਾਵਾਂ ਲਿਖਤੀ ਅਤੇ ਬੋਲੀ ਜਾਂਦੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿਚ ਉਪਲਬਧ ਹਨ।<br>• ਸਾਈਬਰਪੋਰਟ (Cyberport) ਦੇ ਪ੍ਰੋਗਰਾਮਾਂ ਅਤੇ ਸਮਾਗਮਾਂ ਨੂੰ ਅੰਗਰੇਜ਼ੀ ਅਤੇ / ਜਾਂ ਚੀਨੀ ਵਿਚ ਪ੍ਰਦਾਨ ਕੀਤਾ ਜਾਂਦਾ ਹੈ, ਜਿੱਥੇ ਵੀ ਲਾਗੂ ਹੁੰਦਾ ਹੋਵੇ ।<br>• ਸਾਰੇ ਅਮਲੇ ਨੂੰ ਸਮਾਨ ਅਵਸਰਾਂ ਦੇ ਆਰਡੀਨੈਂਸਾਂ ਬਾਰੇ ਆਪਣੀ ਸਮਝ ਨੂੰ ਮਜ਼ਬੂਤ ਕਰਨ ਅਤੇ ਗੈਰਕਾਨੂੰਨੀ ਕੰਮਾਂ ਲਈ ਕਾਨੂੰਨੀ ਜਵਾਬਦੇਹੀ ਨੂੰ ਸਮਝਣ ਲਈ ਸਮਾਨ ਅਵਸਰ ਆਯੋਗ ਨਾਲ ਨਿਯਮਿਤ ਸਿਖਲਾਈ ਦਾ ਆਯੋਜਨ ਕੀਤਾ ਜਾਂਦਾ ਹੈ।<br>• ਬਰਾਬਰ ਰੁਜ਼ਗਾਰ ਦੇ ਅਵਸਰਾਂ ਦੀਆਂ ਸ਼ਰਤਾਂ ਸਾਰੇ ਅਮਲੇ ਲਈ " ਵਪਾਰਕ ਨੈਤਿਕਤਾ ਅਤੇ ਕੰਮ ਕਾਜ਼ੀ ਜਾਬਤੇ " ਵਿੱਚ ਸ਼ਾਮਲ ਕੀਤੀਆਂ ਜਾਂਦੀਆਂ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਾਈਬਰਪੋਰਟ (Cyberport) ਸਮੇਂ ਸਮੇਂ ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰਦਾ ਹੈ ਅਤੇ ਇਸਦੇ ਆਪਣੇ ਅਮਲੇ ਅਤੇ ਜਨਤਾ ਦੇ ਮੈਂਬਰਾਂ ਦੁਆਰਾ ਸਲਾਹ / ਸੁਝਾਵਾਂ ਦੇ ਸੰਬੰਧ ਵਿੱਚ ਜਿੱਥੇ ਜ਼ਰੂਰੀ ਹੋਏਗਾ, ਸੁਧਾਰ ਕਰੇਗਾ। |
| **ਵਾਧੂ ਕੀਤੇ ਗਏ/ਕੀਤੇ ਜਾਣ ਵਾਲੇ ਉਪਾਅ** | • ਸਮਾਨ ਅਵਸਰ ਆਯੋਗ ਅਤੇ ਹੋਰ ਉਚਿੱਤ ਸੰਸਥਾਵਾਂ ਦੇ ਸਹਿਯੋਗ ਨਾਲ ਅਮਲੇ ਦੀ ਸਿਖਲਾਈ ਨੂੰ ਮਜ਼ਬੂਤ ਕੀਤਾ ਜਾਵੇਗਾ। |

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਦਿੱਤੇ ਚੈਨਲਾਂ ਰਾਹੀਂ ਸਾਈਬਰਪੋਰਟ (Cyberport) ਨਾਲ ਸੰਪਰਕ ਕਰੋ -


| | |
|---|---|
| ਟੈਲੀਫੋਨ | : 3166 3800 |
| ਫੈਕਸ | : 3166 3118 |
| ਈ-ਮੇਲ | : enquiry@cyberport.hk |
| ਡਾਕ ਪਤਾ | : Level 6, Cyberport 2, 100 Cyberport Road, Hong Kong |


ਹਾਂਗ ਕਾਂਗ ਸਾਈਬਰਪੋਰਟ ਮੈਨੇਜਮੈਂਟ ਕੰਪਨੀ ਲਿਮਟਿਡ
ਜਨਵਰੀ 2021

Hong Kong Cyberport Management Company Limited

January 2021